**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**
**ਡਾਇਰੈਕਟੋਰੇਟ ਸਿੱਖਿਆ ਵਿਭਾਗ (ਸੈ.ਸਿ), ਪੰਜਾਬ**

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ (ਸੈ.ਸਿ, ਐ.ਸਿ)।

ਮੀਮੋ ਨੰ:18/1-19 ਸੇ-3(4) ਮਿਤੀ: 13.03.2019

ਵਿਸ਼ਾ:- ਸਕੂਲ ਸਿੱਖਿਆ ਵਿਭਾਗ ਵਿੱਚ ਪ੍ਰਿੰਸੀਪਲਾਂ, ਮੁੱਖ ਅਧਿਆਪਕਾਂ/ਅਧਿਆਪਕਾਵਾਂ, ਬੀ.ਪੀ.ਈ.ਓਜ਼, ਸੈਂਟਰ ਹੈੱਡ ਟੀਚਰਾਂ ਅਤੇ ਹੈੱਡ ਟੀਚਰਾਂ ਦੀਆਂ ਸਿੱਧੀ ਭਰਤੀ ਰਾਹੀਂ ਭਰੀਆਂ ਜਾਣ ਵਾਲੀਆਂ ਅਸਾਮੀਆਂ ਸਬੰਧੀ ਪੰਜਾਬ ਲੋਕ ਸੇਵਾ ਕਮਿਸ਼ਨ ਅਤੇ ਸਿੱਖਿਆ ਭਰਤੀ ਬੋਰਡ ਵੱਲੋਂ ਦਿੱਤੇ ਗਏ ਇਸ਼ਤਿਹਾਰਾਂ ਵਿਚ ਦਰਜ ਤਜਰਬਾ ਸਰਟੀਫਿਕੇਟ/ਇਤਰਾਜ-ਹੀਣਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ ਸਪੱਸਟੀਕਰਣ।

ਮਿਤੀ 9-3-2019 ਨੂੰ ਵੱਖ-ਵੱਖ ਇਸ਼ਤਿਹਾਰਾਂ ਰਾਹੀਂ ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਸਿੱਧੀ ਭਰਤੀ ਕੋਟੇ ਦੀਆਂ ਪ੍ਰਿੰਸੀਪਲਾਂ, ਮੁੱਖ ਅਧਿਆਪਕਾਂ, ਬੀ.ਪੀ.ਈ.ਓਜ਼ ਦੀਆਂ ਅਸਾਮੀਆਂ ਭਰਨ ਲਈ ਪਾਤਰ ਉਮੀਦਵਾਰਾਂ ਪਾਸੋਂ ਅਰਜੀਆਂ ਦੀ ਮੰਗ ਕੀਤੀ ਗਈ ਹੈ। ਇਸੇ ਤਰ੍ਹਾਂ ਸਿੱਖਿਆ ਭਰਤੀ ਬੋਰਡ ਵੱਲੋਂ ਸੈਂਟਰ ਹੈੱਡ ਟੀਚਰਾਂ ਅਤੇ ਹੈੱਡ ਟੀਚਰਾਂ ਦੀ ਸਿੱਧੀ ਭਰਤੀ ਰਾਹੀਂ ਅਸਾਮੀਆਂ ਭਰਨ ਲਈ ਪਾਤਰ ਉਮੀਦਵਾਰਾਂ ਪਾਸੋਂ ਅਰਜੀਆਂ ਦੀ ਮੰਗ ਕੀਤੀ ਗਈ ਹੈ। ਚਾਹਵਾਨ ਉਮੀਦਵਾਰਾਂ ਨੂੰ ਤਜਰਬਾ ਸਰਟੀਫਿਕੇਟ ਜਾਰੀ ਕਰਨ ਅਤੇ ਇਤਰਾਜ਼ਹੀਣਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ ਹੇਠ ਅਨੁਸਾਰ ਲੀਹਾਂ ਜਾਰੀ ਕੀਤੀਆਂ ਜਾਂਦੀਆਂ ਹਨ:-

**ਇਤਰਾਜਹੀਣਤਾ ਸਰਟੀਫਿਕੇਟ ਬਾਰੇ:-**

(1) ਉਮੀਦਵਾਰ ਪੰਜਾਬ ਲੋਕ ਸੇਵਾ ਕਮਿਸ਼ਨ ਜਾਂ ਸਿੱਖਿਆ ਭਰਤੀ ਬੋਰਡ, ਜਿਹਾ ਵੀ ਕੇਸ ਹੋਵੇ, ਨੂੰ ਸਿੱਧੇ ਤੌਰ ਤੇ ਅਪਲਾਈ ਕਰਨਗੇ ਅਤੇ ਉਪਰੰਤ ਅਪਲਾਈ ਕੀਤੇ ਗਏ ਦਸਤਾਵੇਜ਼ਾਂ ਨੂੰ ਵਿਭਾਗ ਦੇ ਈ-ਪੋਰਟਲ ਪੰਜਾਬ ਤੇ ਅਪਲੋਡ ਕਰਨ ਦੇ ਨਾਲ-ਨਾਲ ਆਪਣੇ ਮੌਜੂਦਾ ਡੀ.ਡੀ.ਓ ਨੂੰ ਇਸ ਸਬੰਧੀ ਸੂਚਨਾ ਪ੍ਰਦਾਨ ਕਰਨਗੇ ਅਤੇ ਇਸ ਸਟੇਜ ਤੇ ਉਹਨਾਂ ਨੂੰ ਵੱਖਰੇ ਤੌਰ ਤੇ ਕਿਸੇ ਇਤਰਾਜਹੀਣਤਾ ਸਰਟੀਫਿਕੇਟ ਦੀ ਲੋੜ ਨਹੀਂ ਹੋਵੇਗੀ ਪਰੰਤੂ ਅੰਤਮ ਤੌਰ ਤੇ ਚੁਣੇ ਗਏ ਮੌਜੂਦਾ ਕਰਮਚਾਰੀਆਂ ਨੂੰ ਚੁਣੀ ਗਈ ਆਸਾਮੀ ਤੇ ਹਾਜਰ ਹੋਣ ਤੋਂ ਪਹਿਲਾਂ ਸਮਰੱਥ ਅਧਿਕਾਰੀ ਪਾਸੋਂ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰਨਾ ਹੋਵੇਗਾ।

(2) ਉਮੀਦਵਾਰਾਂ ਨੂੰ ਤਜਰਬਾ ਸਰਟੀਫਿਕੇਟ ਉਨ੍ਹਾਂ ਦੇ ਮੌਜੂਦਾ ਡੀ.ਡੀ.ਓ ਵੱਲੋਂ ਕਰਮਚਾਰੀ ਦੀ ਸੇਵਾ ਪੱਤਰੀ ਵਿਚ ਦਰਜ ਅੰਦਰਾਜਾਂ/ਸੰਸਥਾ ਦੇ ਰਿਕਾਰਡ ਦੇ ਆਧਾਰ ਤੇ ਜਾਂ ਕਰਮਚਾਰੀ ਵੱਲੋਂ ਕਿਸੇ ਹੋਰ ਸੰਸਥਾ ਜਾਂ ਸਕੂਲ ਵਿਚ ਕੰਮ ਕੀਤੇ ਜਾਣ ਦੀ ਸੂਰਤ ਵਿੱਚ ਪਿਛਲੀ ਸੰਸਥਾ ਤੋਂ ਪ੍ਰਾਪਤ ਰਿਕਾਰਡ ਦੇ ਆਧਾਰ ਤੇ ਜਾਰੀ ਕੀਤਾ ਜਾਵੇਗਾ ਅਤੇ ਇਸ ਮੰਤਵ ਲਈ ਸਬੰਧਤ ਜਿਲ੍ਹਾ ਸਿੱਖਿਆ ਅਧਿਕਾਰੀ ਪਾਸੋਂ ਤਜਰਬਾ ਸਰਟੀਫਿਕੇਟ ਪ੍ਰਤੀ ਹਸਤਾਖਰ ਕਰਨ ਦੀ ਲੋੜ ਨਹੀਂ ਹੋਵੇਗੀ।

**ਤਜਰਬਾ ਸਰਟੀਫਿਕੇਟ ਜਾਰੀ ਕਰਨ ਬਾਰੇ:-**

(1) ਵੱਖ-ਵੱਖ ਅਸਾਮੀਆਂ ਲਈ ਲੋੜੀਂਦੇ ਤਜਰਬੇ ਬਾਰੇ ਹਰੇਕ ਅਸਾਮੀ ਲਈ ਸਬੰਧਤ ਮੌਜੂਦਾ ਸੇਵਾ ਨਿਯਮਾਂ ਦੇ ਆਧਾਰ ਤੇ ਹੇਠ ਅਨੁਸਾਰ ਸਪੱਸ਼ਟੀਕਰਨ ਦਿੱਤਾ ਜਾਂਦਾ ਹੈ:-

**(ੳ) ਪ੍ਰਿੰਸੀਪਲ:-** ਉਮੀਦਵਾਰਾਂ ਦਾ ਮੁੱਖ ਅਧਿਆਪਕਾਂ, ਮੁੱਖ ਅਧਿਆਪਕਾਵਾਂ, ਲੈਕਚਰਾਰਾਂ, ਵੋਕੇਸ਼ਨਲ ਮਾਸਟਰਜ਼ ਜਾਂ ਵੋਕੇਸ਼ਨਲ ਲੈਕਚਰਾਰ, ਮਾਸਟਰਾਂ/ ਮਿਸਟ੍ਰੈਸਜ਼ ਦਾ ਨਿਰਧਾਰਤ ਟੀਚਿੰਗ ਤਜਰਬਾ **ਕਿਸੇ ਵੀ ਸਰਕਾਰੀ ਸਕੂਲ** ਦਾ ਹੋਵੇ। ਇਸ ਤਰ੍ਹਾਂ ਨਿਯਮਾਂ ਵਿੱਚ ਦਰਜ ਉਪਬੰਧਾਂ ਅਨੁਸਾਰ ਉਮੀਦਵਾਰ ਵੱਲੋਂ ਰਮਸਾ, ਸਰਵ ਸਿੱਖਿਆ ਅਭਿਆਨ ਜਾਂ ਕਿਸੇ ਸੁਸਾਇਟੀ ਅਧੀਨ ਸਰਕਾਰੀ ਸਕੂਲਾਂ ਵਿੱਚ ਉਕਤ ਅਸਾਮੀਆਂ ਤੇ ਕੰਮ ਕਰਦੇ ਸਮੇਂ ਹਾਸਲ ਕੀਤਾ ਗਿਆ ਤਜਰਬਾ valid ਮੰਨਿਆ ਜਾਵੇਗਾ।

**(ਅ) ਮੁੱਖ ਅਧਿਆਪਕ/ ਮੁੱਖ ਅਧਿਆਪਕਾਵਾਂ:-** ਉਮੀਦਵਾਰਾਂ ਦਾ ਲੈਕਚਰਾਰਾਂ/ਮਾਸਟਰਜ਼/ ਮਿਸਟ੍ਰੈਸਜ਼ ਦਾ ਨਿਰਧਾਰਤ ਟੀਚਿੰਗ ਤਜਰਬਾ **ਕਿਸੇ ਵੀ ਸਰਕਾਰੀ ਸਕੂਲ** ਦਾ ਹੋਵੇ। ਇਸ ਤਰ੍ਹਾਂ ਨਿਯਮਾਂ ਵਿੱਚ ਦਰਜ ਉਪਬੰਧਾਂ ਅਨੁਸਾਰ ਉਮੀਦਵਾਰ ਵੱਲੋਂ ਰਮਸਾ, ਸਰਵ ਸਿੱਖਿਆ ਅਭਿਆਨ ਜਾਂ ਕਿਸੇ ਸੁਸਾਇਟੀ ਅਧੀਨ ਸਰਕਾਰੀ ਸਕੂਲਾਂ ਵਿਚ ਉਕਤ ਅਸਾਮੀਆਂ ਤੇ ਕੰਮ ਕਰਦੇ ਸਮੇਂ ਹਾਸਲ ਕੀਤਾ ਗਿਆ ਤਜਰਬਾ valid ਮੰਨਿਆ ਜਾਵੇਗਾ।

**(ੲ) ਬੀ.ਪੀ.ਈ.ਓਜ਼, ਸੈਂਟਰ ਹੈੱਡ ਟੀਚਰਜ਼ ਅਤੇ ਹੈੱਡ ਟੀਚਰਜ਼:-** ਉਮੀਦਵਾਰਾਂ ਦਾ ਪ੍ਰਾਇਮਰੀ ਸਕੂਲ ਟੀਚਰ ਦਾ ਨਿਰਧਾਰਤ ਟੀਚਿੰਗ ਤਜਰਬਾ ਕਿਸੇ ਕੇਂਦਰੀ ਜਾਂ ਰਾਜ ਸਰਕਾਰ ਦੇ ਸਕੂਲ ਦਾ ਹੋਵੇ। ਇਸ ਤਰ੍ਹਾਂ ਨਿਯਮਾਂ ਵਿੱਚ ਦਰਜ ਉਪਬੰਧਾਂ ਅਨੁਸਾਰ ਉਮੀਦਵਾਰ ਵੱਲੋਂ ਰਮਸਾ, ਸਰਵ ਸਿੱਖਿਆ ਅਭਿਆਨ ਜਾਂ ਕਿਸੇ ਸੁਸਾਇਟੀ ਅਧੀਨ ਸਰਕਾਰੀ ਸਕੂਲਾਂ ਵਿਚ ਉਕਤ ਅਸਾਮੀਆਂ ਤੇ ਕੰਮ ਕਰਦੇ ਸਮੇਂ ਹਾਸਲ ਕੀਤਾ ਗਿਆ ਤਜਰਬਾ valid ਮੰਨਿਆ ਜਾਵੇਗਾ।

ਸਕੱਤਰ ਸਕੂਲ ਸਿੱਖਿਆ
ਮਿਤੀ: 13-3-19

ਪਿੱਠ ਅੰਕਣ ਨੰ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
2. ਡਾਇਰੈਕਟਰ ਸਿੱਖਿਆ ਭਰਤੀ ਬੋਰਡ, ਐੱਸ.ਏ.ਐੱਸ. ਨਗਰ, ਮੋਹਾਲੀ।

ਸਕੱਤਰ ਸਕੂਲ ਸਿੱਖਿਆ